AQA

SPECIMEN MATERIAL

# A-level
# PANJABI

## Paper 1 Reading and Writing

Specimen 2020 Morning Time allowed: 2 hours 30 minutes

**Materials**
- Additional Answer Sheets if required.
- The texts for Section A Reading Question 1 and Question 3 are on an insert (enclosed).

**Instructions**
- Use black ink or black ball-point pen.
- Fill in the boxes at the foot of this page.
- Answer **all** questions in Section A and **one** question in Section B.
- You must answer the questions in the spaces provided. Do not write outside the box around each page or on blank pages.
- Do all rough work in this book. Cross through any work you do not want to be marked.

**Information**
- The marks for each question are shown in brackets.
- The maximum mark for this paper is 85.
- You must **not** use a dictionary.
- You should note that the quality of your written language in Panjabi will be taken into account when marks are awarded.
- In the summary question you should write no more than 90 words. You should write in full sentences, using your own words as far as possible.
- If you need extra paper, use the Additional Answer Sheets.
- This paper is divided into two sections:

| | | |
|---|---|---|
| Section A | Reading and Translation | 45 marks |
| Section B | Writing (Research Project) | 40 marks |

**Advice**
- You are advised to allocate your time as follows:

| | |
|---|---|
| Reading and Translation | 1 hour 15 minutes approximately |
| Writing (Research Project) | 1 hour 15 minutes approximately |

Please write clearly, in block capitals, to allow character computer recognition.

Centre number Candidate number

Surname

Forename(s)

Candidate signature

7682/1

**Section A** **Reading and Translation**

Answer all questions in the spaces provided

**0 1** **ਬੱਚੇ ਅਤੇ ਕੰਪਿਊਟਰ ਤੇ ਖੇਡਣ ਵਾਲੀਆਂ ਖੇਡਾਂ**

For text see insert.

ਤੁਸੀਂ ਬੱਚਿਆਂ ਦੇ ਕੰਪਿਊਟਰ ਤੇ ਖੇਡਣ ਵਾਲੀਆਂ ਖੇਡਾਂ ਬਾਰੇ ਪੰਜਾਬੀ ਰਸਾਲੇ ਵਿੱਚੋਂ ਇੱਕ ਵਾਰਤਾ ਪੜ੍ਹਦੇ ਹੋ। ਵਾਰਤਾ ਪੜ੍ਹ ਕੇ ਹੇਠ ਲਿਖਿਆਂ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

**0 1 . 1** ਵਾਰਤਾ ਅਨੁਸਾਰ ਪੰਜਾਬ ਵਿੱਚ ਕੰਪਿਊਟਰ ਤੇ ਖੇਡਣ ਵਾਲੀਆਂ ਖੇਡਾਂ ਵਿੱਚ ਰੁਚੀ ਕਿਉਂ ਵਧ ਰਹੀ ਹੈ?

**[1 mark]**

**0 1 . 2** ਕੰਪਿਊਟਰ ਤੇ ਖੇਡਣ ਵਾਲੀਆਂ ਖੇਡਾਂ ਨੂੰ ਸਰਟੀਫਿਕੇਟ ਦੇਣ ਤੋਂ ਪਹਿਲਾਂ ਕੀ ਨਿਯਤ ਕੀਤਾ ਜਾਂਦਾ ਹੈ ਅਤੇ ਕਿਵੇਂ?

**[2 marks]**

**0 1 . 3** ਕੰਪਿਊਟਰ ਤੇ ਖੇਡਣ ਵਾਲੀਆਂ ਖੇਡਾਂ ਦੇ ਅਸਰਾਂ ਬਾਰੇ ਲੋਕਾਂ ਦੀ ਸੋਚ ਕਿਵੇਂ ਵੱਖਰੀ ਹੈ? ਦੋ ਗੱਲਾਂ ਲਿਖੋ।

**[2 marks]**

0 1 . 4 ਗਰੇਟਮੇਅਰ ਅਤੇ ਓਸਵਾਲਡ ਦੇ ਅਧਿਐਨ ਤੋਂ ਕਿਵੇਂ ਪਤਾ ਲਗਦਾ ਹੈ ਕਿ ਇਨ੍ਹਾਂ ਖੇਡਾਂ ਦੇ ਬੱਚਿਆਂ ਨੂੰ ਕੀ ਫਾਇਦੇ ਹੋ ਸਕਦੇ ਹਨ ? ਦੋ ਗੱਲਾਂ ਲਿਖੋ ।

**[2 marks]**

0 1 . 5 2002 ਵਿੱਚ ਕੀਤੇ ਅਧਿਐਨ ਦੀ ਖੋਜ ਤੋਂ ਗਰੇਟਮੇਅਰ ਅਤੇ ਓਸਵਾਲਡ ਦੀ ਖੋਜ ਦਾ ਸਿੱਟਾ ਕਿਵੇਂ ਵੱਖਰਾ ਹੈ ?

**[1 mark]**

**0 2** **ਪੰਜਾਬ ਦੇ ਮੇਲੇ**

ਪੰਜਾਬ ਦੇ ਮੇਲਿਆਂ ਬਾਰੇ ਇਹ ਬਲੌਗ ਪੜ੍ਹੋ।

ਮਾਰਚ ਮਹੀਨੇ ਤੋਂ ਲੈ ਕੇ ਅਪ੍ਰੈਲ ਵਿੱਚ ਵਿਸਾਖੀ ਤੱਕ ਪੰਜਾਬ ਵਿੱਚ ਬਹੁਤ ਤਿਉਹਾਰ ਮਨਾਏ ਜਾਂਦੇ ਹਨ। ਇਨ੍ਹਾਂ ਮੇਲਿਆਂ ਦੇ ਪ੍ਰਬੰਧ ਕਰਨ ਦਾ ਮੰਤਵ, ਵੱਖ ਵੱਖ ਧਰਮਾਂ ਵਿੱਚ ਏਕਤਾ ਲਿਆਉਣਾ ਅਤੇ ਇਕੱਠੇ ਹੋ ਕੇ ਖੁਸ਼ੀ ਮਨਾਉਣਾ ਹੁੰਦਾ ਸੀ ਅਤੇ ਇਸ ਨਾਲ ਸਾਡੇ ਸਭਿਆਚਾਰ ਦਾ ਵਿਕਾਸ ਹੋਣ ਦੇ ਨਾਲ ਨਾਲ ਪੁਰਾਣੇ ਰਿਵਾਜਾਂ ਬਾਰੇ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਪਤਾ ਲਗਦਾ ਸੀ।

ਪਰ ਹੁਣ ਤਾਂ ਪੰਜਾਬ ਦੇ ਮੇਲਿਆਂ ਵਿੱਚ ਨੌਜਵਾਨ ਸ਼ਰਾਬ ਪੀ ਕੇ ਅਤੇ ਨਸ਼ੇ ਕਰਕੇ ਜਾਂਦੇ ਹਨ। ਲੱਗਭਗ ਹਰ ਮੇਲੇ ਵਿੱਚ ਦੋ ਚਾਰ ਲੜਾਈਆਂ ਹੁੰਦੀਆਂ ਹਨ ਅਤੇ ਪੁਲਿਸ ਬੁਲਾਈ ਜਾਂਦੀ ਹੈ। ਪੰਜਾਬ ਦੇ ਸਭਿਆਚਾਰ ਨੂੰ ਇਹ ਕੀ ਹੋ ਗਿਆ ਹੈ?

ਮੈਂ ਇੱਕ ਮੇਲੇ ਦਾ ਪ੍ਰਬੰਧ ਕਰਨਾ ਚਾਹੁੰਦਾ ਹਾਂ ਜਿਸ ਵਿੱਚ ਕਬੱਡੀ ਦੇ ਮੈਚ ਕਰਵਾਏ ਜਾਣ ਤਾਂ ਕਿ ਨੌਜਵਾਨ ਅਤੇ ਬੱਚੇ ਵਧੀਆ ਖਿਡਾਰੀ ਦੇਖ ਕੇ ਉਨ੍ਹਾਂ ਵਰਗੇ ਤੰਦਰੁਸਤ ਬਣਨਾ ਚਾਹੁਣ। ਦੂਜੀ ਗੱਲ ਇਹ ਕਿ ਮੈਂ ਮੇਲੇ ਵਿੱਚ ਗੀਤ ਸੰਗੀਤ ਦਾ ਪ੍ਰੋਗਰਾਮ ਰੱਖਾਂਗਾ ਜਿਸ ਵਿੱਚ ਸਿਰਫ ਸਾਫ-ਸੁਥਰੇ ਗੀਤ ਗਾਉਣ ਵਾਲੇ ਗਾਇਕ ਹੀ ਆਉਣ ਤਾਂ ਕਿ ਲੋਕ ਚੰਗੇ ਗੀਤ ਸੁਣਨ ਦੀ ਚੋਣ ਕਰਨ। ਮੈਂ ਮੇਲੇ ਵਿੱਚ ਪੰਜਾਬ ਦੇ ਰੀਤੀ-ਰਿਵਾਜਾਂ ਦੀ ਨੁਮਾਇਸ਼ ਕਰਨੀ ਚਾਹੁੰਦਾ ਹਾਂ ਖਾਸ ਤੌਰ ਤੇ ਜਿਸ ਨਾਲ ਅਲੋਪ ਹੋ ਰਹੇ ਰਿਸ਼ਤਿਆਂ ਦੀ ਕਦਰ ਦਾ ਲੋਕਾਂ ਨੂੰ ਪਤਾ ਲੱਗ ਸਕੇ ਅਤੇ ਆਪਸੀ ਪਿਆਰ ਵਿੱਚ ਵਾਧਾ ਹੋ ਸਕੇ। ਪਰ ਮੈਂ ਸੋਚਦਾ ਹਾਂ ਕਿ ਕੀ ਮੇਰਾ ਇਹ ਸੁਪਨਾ ਸਕਾਰ ਹੋ ਸਕੇਗਾ?

0 2 . 1 **ਪੰਜਾਬ ਵਿੱਚ ਮੇਲੇ**

ਇਸ ਵਾਰਤਾ ਦਾ ਸਾਰ **ਪੰਜਾਬੀ ਵਿੱਚ** ਲਿਖੋ ਜਿਸ ਵਿੱਚ 90 ਸ਼ਬਦਾਂ ਤੋਂ ਵੱਧ ਨਾ ਹੋਣ ਅਤੇ ਇਹ **ਪੂਰੇ ਵਾਕਾਂ ਵਿੱਚ ਹੋਣਾ ਚਾਹੀਦਾ ਹੈ।** ਜਿੱਥੇ ਤੱਕ ਹੋ ਸਕੇ ਆਪਣੇ ਸ਼ਬਦਾਂ ਵਿੱਚ ਲਿਖੋ। ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਓ:

- ਮੇਲਿਆਂ ਦਾ ਉਦੇਸ਼ (ਦੋ ਗੱਲਾਂ ਲਿਖੋ) **[2 marks]**
- ਮੇਲਿਆਂ ਵਿੱਚ ਆਉਣ ਵਾਲੀਆਂ ਸਮੱਸਿਆਵਾਂ (ਦੋ ਗੱਲਾਂ ਲਿਖੋ) **[2 marks]**
- ਲੇਖਕ ਦਾ ਮੇਲਿਆਂ ਵਿੱਚ ਵੱਖ ਵੱਖ ਸਰਗਰਮੀਆਂ ਦਿਖਾਉਣ ਦਾ ਮੰਤਵ (ਤਿੰਨ ਗੱਲਾਂ ਲਿਖੋ) **[3 marks]**

**ਨੋਟ:** 5 ਅੰਕ ਚੰਗੀ ਭਾਸ਼ਾ ਲਈ ਹਨ। **ਇਸ ਕਰਕੇ ਜਿੱਥੇ ਤੱਕ ਹੋ ਸਕੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ।** **[5 marks]**

**0 3** **'ਬਾਬਾ ਰੂੜਾ'-ਪ੍ਰੋਫੈਸਰ ਪੂਰਨ ਸਿੰਘ ਦੀ ਕਿਤਾਬ ਵਿੱਚੋਂ ਇੱਕ ਸਾਰ**

For text see insert.

**0 3 . 1** ਰੂੜੇ ਨੇ ਆਪਣੇ ਪਿੰਡ ਨੂੰ ਛੱਡਣ ਦੇ ਵਿਚਾਰ ਬਾਰੇ ਕਿਵੇਂ ਮਹਿਸੂਸ ਕੀਤਾ ਅਤੇ ਕਿਉਂ ?

**[2 marks]**

**0 3 . 2** ਪਨਾਹਗੀਰ ਲੋਕਾਂ ਦੀ ਜ਼ਿੰਦਗੀ ਵਿੱਚ ਤਰਜੀਹ ਕਿਵੇਂ ਬਦਲ ਗਈ ?

**[1 mark]**

**0 3 . 3** ਰੂੜਾ ਅਤੇ ਉਸ ਦੀ ਪੀੜ੍ਹੀ ਦੀ ਵਧਦੀ ਉਮਰ ਨਾਲ ਆਏ ਬਦਲਾਅ ਦੀਆਂ ਦੋ ਉਦਾਹਰਣਾਂ ਦਿਉ ।

**[2 marks]**

ਹੇਠਾਂ ਲਿਖੇ ਸ਼ਬਦਾਂ/ਪ੍ਰਗਟਾਵਾਂ ਦੇ ਸਮਾਨ-ਅਰਥ ਸ਼ਬਦ/ਪ੍ਰਗਟਾਅ ਵਾਰਤਾ ਵਿੱਚੋਂ ਲੱਭ ਕੇ ਲਿਖੋ। ਸ਼ਬਦ/ਪ੍ਰਗਟਾਅ ਵਾਰਤਾ ਦੀ ਤਰਤੀਬ ਅਨੁਸਾਰ ਹਨ।

**0 3 . 4** ਨੇਕ-ਦਿਲੀ

______________________________

**[1 mark]**

**0 3 . 5** ਮੁਕਾਬਲਾ ਕਰਦਾ ਮਰ ਗਏ

______________________________

**[1 mark]**

**0 3 . 6** ਮਰ ਗਏ

______________________________

**[1 mark]**

## ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਰਹਿਣ-ਸਹਿਣ

**0 4** ਪੰਜਾਬੀ ਨੌਜਵਾਨ ਪੀੜ੍ਹੀ ਦੇ ਰਹਿਣ-ਸਹਿਣ ਬਾਰੇ ਇਹ ਵਾਰਤਾ ਇੱਕ ਪੰਜਾਬੀ ਓਨਲਾਈਨ ਅਖਬਾਰ ਵਿੱਚ ਪੜ੍ਹੋ। ਵਾਰਤਾ ਨੂੰ ਪੜ੍ਹ ਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਹਰੇਕ ਇਨਸਾਨ ਆਪਣੀ ਜ਼ਿੰਦਗੀ ਨੂੰ ਅਨੰਦਮਈ ਬਣਾਉਣ ਲਈ ਆਪਣੇ ਵਿੱਤ ਅਨੁਸਾਰ ਪੈਸੇ ਖਰਚਣੇ ਪਸੰਦ ਕਰਦਾ ਹੈ। ਪਰ ਕਦੇ ਕਦੇ ਅਸੀਂ ਪੰਜਾਬ ਦੇ ਜਵਾਨ ਮੁੰਡੇ ਅਤੇ ਕੁੜੀਆਂ ਨੂੰ ਐਨੇ ਪੈਸੇ ਖਰਚਦੇ ਦੇਖਦੇ ਹਾਂ ਜਿੰਨੇ ਉਹ ਕਮਾਉਂਦੇ ਨਹੀਂ ਤੇ ਸਾਨੂੰ ਇਸ ਚੀਜ਼ ਤੇ ਕਾਬੂ ਪਾਉਣ ਲਈ ਉਨ੍ਹਾਂ ਦੀ ਮਦਦ ਕਰਨ ਦੀ ਜ਼ਰੂਰਤ ਹੈ। ਨਵੇਂ ਫੈਸ਼ਨ ਦੇ ਬਰੈਂਡ ਵਾਲੇ ਮਹਿੰਗੇ ਕੱਪੜੇ ਅਤੇ ਜੁੱਤੀਆਂ ਕੁਝ ਨੌਜਵਾਨਾਂ ਲਈ ਮਹੱਤਵਪੂਰਣ ਹਨ ਕਿਉਂਕਿ ਉਹ ਮਸ਼ਹੂਰ ਹਸਤੀਆਂ ਦੀ ਰੀਸ ਕਰਨ ਦੀ ਕੋਸ਼ਿਸ਼ ਕਰਦੇ ਹਨ। ਨੌਜਵਾਨ ਵਧੀਆ ਰੈਸਟੋਰੈਂਟਾਂ ਵਿੱਚ ਦੂਸਰੇ ਸਭਿਆਚਾਰਾਂ ਬਾਰੇ ਜਾਣਕਾਰੀ ਵਧਾਉਂਦੇ ਹੋਏ ਵਿਦੇਸ਼ੀ ਭੋਜਨ ਖਾਣੇ ਦੇ ਚਾਹਵਾਨ ਹਨ, ਪਰ ਇਹ ਬਹੁਤ ਮਹਿੰਗਾ ਪੈਂਦਾ ਹੈ।

ਅਸੀਂ ਸਮਝਣ ਦੀ ਕੋਸ਼ਿਸ਼ ਕਰ ਸਕਦੇ ਹਾਂ ਕਿ ਅਜਿਹਾ ਪੰਜਾਬੀ ਸਮਾਜ ਵਿੱਚ ਤੇ ਦੁਨੀਆਂ ਭਰ ਵਿੱਚ ਕਿਉਂ ਹੋ ਰਿਹਾ ਹੈ। ਮੀਡੀਆ ਮਸ਼ਹੂਰ ਲੋਕਾਂ ਦੇ ਸਭਿਆਚਾਰ ਨੂੰ ਵਧਾਵਾ ਦੇ ਕੇ ਜਵਾਨ ਲੋਕਾਂ ਨੂੰ ਉਕਸਾਉਂਦਾ ਹੈ ਅਤੇ ਅਸੀਂ ਵਧ ਰਹੀ ਗਿਣਤੀ ਵਿੱਚ ਜਵਾਨ ਲੋਕਾਂ ਨੂੰ ਆਪਣੇ ਮਨਪਸੰਦ ਸਿਤਾਰਿਆਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਦੇਖਦੇ ਹਾਂ। ਨਵੇਂ ਫੈਸ਼ਨ ਦੇ ਹਿਸਾਬ ਨਾਲ ਨਾ ਰਹਿਣ ਦਾ ਅਸਰ ਜਵਾਨ ਲੋਕਾਂ ਨੂੰ ਆਪਣੇ ਅਮੀਰ ਦੋਸਤਾਂ ਨਾਲੋਂ ਘਟੀਆ ਹੋਣ ਦਾ ਅਹਿਸਾਸ ਕਰਾ ਸਕਦਾ ਹੈ। ਮੀਡੀਆ ਅਤੇ ਸਮਾਜ ਨੂੰ ਜਵਾਨ ਲੋਕਾਂ ਦੇ ਸਾਹਮਣੇ ਪੂਰੀ ਕੋਸ਼ਿਸ਼ ਨਾਲ ਵਧੀਆ ਪੜ੍ਹਾਈ ਕਰਨ ਦੀਆਂ ਕਦਰਾਂ-ਕੀਮਤਾਂ ਨੂੰ ਵਧਾਵਾ ਦੇਣਾ ਚਾਹੀਦਾ ਹੈ ਤਾਂ ਕਿ ਉਹ ਭਵਿੱਖ ਵਿੱਚ ਆਪਣੀ ਮਰਜ਼ੀ ਦਾ ਰਹਿਣ-ਸਹਿਣ ਚੁਣ ਸਕਣ। ਇਸ ਵੇਲੇ ਮਾਤਾ ਪਿਤਾ ਨੂੰ ਜਵਾਨ ਲੋਕਾਂ ਦੀ ਇਸ ਗੱਲ ਵਿੱਚ ਮਦਦ ਕਰਨ ਦੀ ਜ਼ਰੂਰਤ ਹੈ ਕਿ ਪਾਰਟ-ਟਾਈਮ ਨੌਕਰੀਆਂ ਕਰਕੇ ਆਪਣੇ ਮਹਿੰਗੇ ਸ਼ੌਕ ਪੂਰੇ ਕਰ ਸਕਣ ਅਤੇ ਆਪਣੇ ਵਿੱਤ ਵਿੱਚ ਰਹਿ ਕੇ ਜੀਣ ਦੀ ਕਦਰ ਕਰ ਸਕਣ।

**0 4 . 1** ਇਸ ਵਾਰਤਾ ਵਿੱਚੋਂ ਸਾਨੂੰ ਇਹ ਕਿਵੇਂ ਪਤਾ ਲਗਦਾ ਹੈ ਕਿ ਜਵਾਨ ਪੰਜਾਬੀਆਂ ਵਿਚਕਾਰ ਖਰਚੀਲਾਪਨ ਵਧ ਰਿਹਾ ਹੈ? ਦੋ ਗੱਲਾਂ ਲਿਖੋ।

______________________________

______________________________

______________________________

______________________________

**[2 marks]**

0 4 . 2 ਜਵਾਨ ਲੋਕਾਂ ਦੇ ਵਿਵਹਾਰ ਦੇ ਇਸ ਬਦਲਾਅ ਵਿੱਚ ਕਿਹੜੀਆਂ ਚੀਜ਼ਾਂ ਦਾ ਯੋਗਦਾਨ ਹੈ ? ਦੋ ਗੱਲਾਂ ਲਿਖੋ।

**[2 marks]**

0 4 . 3 ਵਾਰਤਾ ਦੇ ਅਨੁਸਾਰ ਜਵਾਨ ਲੋਕਾਂ ਵਿਚਕਾਰ ਕਿਹੜੀਆਂ ਆਸ਼ਾਵਾਂ ਨੂੰ ਵਧਾਵਾ ਦੇਣਾ ਚਾਹੀਦਾ ਹੈ ਅਤੇ ਕਿਉਂ ?

**[2 marks]**

0 4 . 4 ਵਾਰਤਾ ਵਿੱਚ ਮਾਤਾ-ਪਿਤਾ ਨੂੰ ਕੀ ਸਲਾਹ ਦਿੱਤੀ ਗਈ ਹੈ ? ਇੱਕ ਗੱਲ ਲਿਖੋ।

**[1 mark]**

**0 5**

**ਪੰਜਾਬ ਵਿੱਚ ਕੰਮ**

ਪੰਜਾਬ ਵਿੱਚ ਕੰਮ ਬਾਰੇ ਔਨਲਾਈਨ ਅਖਬਾਰ ਤੇ ਹੇਠ ਲਿਖੀ ਵਾਰਤਾ ਪੜ੍ਹੋ।

Translate the passage into English.

ਬਹੁਤ ਸਾਰੇ ਲੋਕ ਆਪਣਾ ਜ਼ਿਆਦਾ ਸਮਾਂ ਕੰਮ ਤੇ ਬਿਤਾਉਂਦੇ ਹਨ। ਕੋਈ ਵੀ ਇਹ ਨਹੀਂ ਚਾਹੁੰਦਾ ਕਿ ਉਹ ਕਿਸੇ ਤਣਾਅ ਵਾਲੀ ਨੌਕਰੀ ਕਰਨ ਵਿੱਚ ਫਸਿਆ ਰਹੇ। ਇਹ ਜਾਣ ਕੇ ਦੁੱਖ ਹੁੰਦਾ ਹੈ ਕਿ ਸਿਰਫ ਅਠਤਾਲੀ ਪ੍ਰਤੀਸ਼ਤ ਬਰਤਾਨਵੀ ਲੋਕ ਆਪਣੇ ਕੰਮ ਤੇ ਖੁਸ਼ ਹਨ। ਇਨ੍ਹਾਂ ਵਿੱਚੋਂ ਲਗਭਗ ਦੋ ਤਿਹਾਈ ਲੋਕਾਂ ਨੇ ਆਪਣੀ ਪਸੰਦ ਦੀ ਨੌਕਰੀ ਚੁਣੀ ਸੀ, ਪਰ ਹੁਣ ਉਹ ਆਪਣੇ ਕੰਮ ਤੋਂ ਸੰਤੁਸ਼ਟ ਨਹੀਂ ਹਨ।

ਇਹ ਨਹੀਂ ਹੋ ਸਕਦਾ ਕਿ ਕੋਈ ਵੀ ਨੌਕਰੀ ਸੌ ਪ੍ਰਤੀਸ਼ਤ ਉਚਿਤ ਹੋਵੇ। ਪਰ ਜੇ ਤੁਸੀਂ ਆਪਣਾ ਕੰਮ ਪਸੰਦ ਨਹੀਂ ਕਰਦੇ, ਤਾਂ ਸ਼ਾਇਦ ਉਹ ਸਮਾਂ ਆ ਗਿਆ ਹੈ ਕਿ ਕੋਈ ਹੋਰ ਦਿਲਚਸਪ ਨੌਕਰੀ ਦੇਖ ਲਈ ਜਾਵੇ। ਨਵੀਂ ਕੰਪਨੀ ਨਾਲ ਨਵੇਂ ਸਿਰੇ ਤੋਂ ਕੰਮ ਸ਼ੁਰੂ ਕਰਨ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ।

**[10 marks]**

**END OF SECTION A**

**Blank page**

**Section B** **Writing (Research Project)**

Answer the question on the research topic you have studied. You must answer on **one** research topic only.

**Either**

**0 6** **Women in Panjabi Society**

**or**

**0 7** **Social issues in the Punjab**

**or**

**0 8** **Tourism in the Punjab**

**or**

**0 9** **Partition of the Punjab in 1947**

For each research topic there is a reading passage and an essay title.

Using the information from the reading passage and, linking this information to your own research, write an essay in **Panjabi** of approximately **300 words**.

The marks are allocated as follows:

10 marks for comprehension of the reading passage
10 marks for quality of language
20 marks for cultural knowledge

Total: 40 marks

## 0 6 Women in Panjabi Society

### ਪੰਜਾਬੀ ਸਮਾਜ ਵਿੱਚ ਔਰਤ

ਇੱਕ ਪਰਿਵਾਰਕ ਨੌਕਰੀ-ਪੇਸ਼ਾ ਪੰਜਾਬੀ ਔਰਤ ਨੂੰ ਆਪਣੇ ਅਤੇ ਆਪਣੇ ਪਰਿਵਾਰ ਦੇ ਜੀਵਨ ਨੂੰ ਵਧੀਆ ਬਣਾਈ ਰੱਖਣ ਲਈ ਹੱਥਫੇਰੀ ਕਰਨ ਦੀ ਲੋੜ ਹੈ।

ਅਤੀਤ ਵਿੱਚ, ਰਵਾਇਤੀ ਪੰਜਾਬੀ ਔਰਤ ਦੀ ਭੂਮਿਕਾ ਪਰਿਵਾਰ ਵੱਲ ਧਿਆਨ ਦੇਣਾ, ਬੱਚਿਆਂ ਦੀ ਦੇਖ ਭਾਲ ਕਰਨਾ ਅਤੇ ਆਮ ਤੌਰ ਤੇ ਸੰਯੁਕਤ ਪਰਿਵਾਰ ਦੇ ਸਾਰੇ ਮੈਂਬਰਾਂ ਲਈ ਸਹਾਇਤਾ ਪ੍ਰਦਾਨ ਕਰਨ ਤੇ ਕੇਂਦਰਿਤ ਸੀ। ਪਿਛਲੇ ਕਾਫੀ ਸਾਲਾਂ ਤੋਂ ਘਰ ਸਾਂਭਣ-ਬਣਾਉਣ ਤੇ ਬੱਚੇ ਪੈਦਾ ਕਰਨ ਦੀ ਇਸ ਰਵਾਇਤੀ ਭੂਮਿਕਾ ਵਿੱਚ ਤਬਦੀਲੀਆਂ ਹੋ ਗਈਆਂ ਹਨ। ਸਿੱਖਿਆ ਦੇ ਕਾਰਣ ਔਰਤਾਂ ਹੁਣ ਚੁਣ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਪਰਿਵਾਰਕ ਜ਼ਿੰਦਗੀ ਨੂੰ ਕੰਮ ਦੀਆਂ ਪ੍ਰਾਪਤੀਆਂ ਨਾਲ ਸੰਤੁਲਿਤ ਕਰਨ ਦੇ ਨਾਲ ਨਾਲ ਪਰਿਵਾਰ ਦੀ ਜੀਵਨ-ਸ਼ੈਲੀ ਦੀ ਸਹਾਇਤਾ ਲਈ ਆਮਦਨ ਲਿਆਉਣ ਦਾ ਮੌਕਾ ਵੀ ਮਿਲਦਾ ਹੈ। ਪੰਜਾਬੀ ਸਮਾਜ ਦੇ ਕੁਝ ਹਿੱਸਿਆਂ ਵਿੱਚ ਔਰਤਾਂ ਦੀ ਆਮਦਨ ਸਿਰਫ ਐਸ਼-ਅਰਾਮ ਲਈ ਹੀ ਨਹੀਂ, ਸਗੋਂ ਪਰਿਵਾਰਾਂ ਦੇ ਬਚਾਅ ਲਈ ਵੀ ਬਹੁਤ ਜ਼ਰੂਰੀ ਹੈ। ਇਹ ਖਾਸ ਤੌਰ ਤੇ ਪੇਂਡੂ ਪੰਜਾਬ ਵਿੱਚ ਸਪਸ਼ਟ ਹੈ ਜਿੱਥੇ ਔਰਤਾਂ ਖੇਤੀ-ਬਾੜੀ ਵਿੱਚ ਛੋਟੇ ਮੋਟੇ ਹੁਨਰ ਤੇ ਘੱਟ ਤਨਖਾਹ ਵਾਲੀਆਂ ਨੌਕਰੀਆਂ ਕਰਦੀਆਂ ਹਨ।

ਅਜੇ ਵੀ ਅਸਮਾਨਤਾਵਾਂ ਹਨ ਜਦੋਂ ਘਰੇਲੂ ਜ਼ਿੰਮੇਵਾਰੀਆਂ ਅਤੇ ਕੰਮ-ਕਾਰ ਪੰਜਾਬੀ ਪਰਿਵਾਰਾਂ ਵਿੱਚ ਵੰਡੇ ਜਾਂਦੇ ਹਨ ਜਿੱਥੇ ਔਰਤਾਂ ਨੂੰ ਜ਼ਿਆਦਾ ਕੰਮ ਕਰਨ ਲਈ ਦਿੱਤਾ ਜਾਂਦਾ ਹੈ। ਨੌਕਰੀ-ਪੇਸ਼ਾ ਔਰਤਾਂ ਪਰਿਵਾਰ ਤੇ ਪ੍ਰਭਾਵ ਨੂੰ ਸੀਮਤ ਕਰਨ ਲਈ ਪਾਰਟ-ਟਾਈਮ ਤੇ ਬਦਲਵੇਂ ਘੰਟਿਆਂ ਵਾਲਾ ਕੰਮ ਲੱਭਦੀਆਂ ਹਨ ਪਰ ਇਸ ਦਾ ਮਤਲਬ ਘੱਟ ਤਨਖਾਹ ਹੋ ਸਕਦੀ ਹੈ। ਪੰਜਾਬੀ ਔਰਤਾਂ ਨੂੰ ਯੋਜਨਾ ਬਣਾਉਣੀ ਪੈਣੀ ਹੈ ਕਿ ਉਹ ਬੱਚੇ ਪੈਦਾ ਕਰਨ ਦੇ ਨਾਲ ਨਾਲ ਆਪਣੇ ਪੇਸ਼ੇ ਵਿੱਚ ਤਰੱਕੀ ਦਾ ਸੰਤੁਲਨ ਕਿਵੇਂ ਰੱਖਣ। ਸਬੂਤ ਦਰਸਾਉਂਦੇ ਹਨ ਕਿ ਕੰਮ ਤੇ ਮੌਕਿਆਂ ਤੋਂ ਨਾ ਖੁੰਝਣ ਦੀ ਚਾਹਤ ਦਾ ਮਤਲਬ ਹੈ ਕਿ ਉਹ ਘੱਟ ਬੱਚੇ ਪੈਦਾ ਕਰਨ ਦਾ ਫੈਸਲਾ ਲੈਣ ਜਾਂ ਬੱਚੇ ਆਪਣੀਆਂ ਮਾਵਾਂ ਦੇ ਮੁਕਾਬਲੇ ਜ਼ਿਆਦਾ ਉਮਰ ਵਿੱਚ ਪੈਦਾ ਕਰਨ। ਬੱਚਿਆਂ ਦੀ ਦੇਖਭਾਲ ਦੀਆਂ ਸਹੂਲਤਾਂ ਦੀ ਕਮੀ ਵੀ ਪੰਜਾਬੀ ਔਰਤਾਂ ਲਈ ਇੱਕ ਰੁਕਾਵਟ ਹੈ ਹਾਲਾਂ ਕਿ ਸੰਯੁਕਤ ਪਰਿਵਾਰ ਮਦਦ ਕਰ ਸਕਦਾ ਹੈ ਜਦ ਔਰਤਾਂ ਕੰਮ ਤੇ ਜਾਂਦੀਆਂ ਹਨ।

**0 6**

ਪੰਜਾਬੀ ਵੈਬਸਾਈਟ ਤੋਂ ਪੰਜਾਬੀ ਸਮਾਜ ਵਿੱਚ ਔਰਤਾਂ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲੱਗਭਗ 300 ਸ਼ਬਦਾਂ ਦਾ ਇੱਕ ਲੇਖ ਲਿਖੋ।

ਕਾਰਜ-ਸਥਾਨ ਤੇ ਔਰਤਾਂ ਦੀ ਗਿਣਤੀ ਵਧਣ ਨਾਲ ਰਵਾਇਤੀ ਪਰਿਵਾਰਕ ਜੀਵਨ ਤੇ ਅਸਰ ਪੈਣ ਦੇ ਤਰੀਕਿਆਂ ਦਾ ਵਿਸ਼ਲੇਸ਼ਣ ਕਰੋ।

**[40 marks]**

**0 | 7** **Social issues in the Punjab**

**ਪੰਜਾਬ ਵਿੱਚ ਬਾਲ ਮਜ਼ਦੂਰੀ**

ਅੱਜ ਵੀ ਪੰਜਾਬ ਵਿੱਚ ਬਹੁਤ ਸਾਰੇ ਗਰੀਬ ਬੱਚੇ ਬਾਲ ਮਜ਼ਦੂਰੀ, ਅਨਪੜ੍ਹਤਾ ਅਤੇ ਭੁੱਖਮਰੀ ਦੇ ਸ਼ਿਕਾਰ ਹਨ। ਸਰਕਾਰੀ ਦਾਅਵੇ ਤਾਂ ਸਿਰਫ ਸਟੇਜਾਂ ਦੀ ਸ਼ੋਭਾ ਬਣ ਕੇ ਰਹਿ ਗਏ ਹਨ। ਸਰਕਾਰਾਂ ਵਲੋਂ ਜਾਰੀ ਕੀਤੇ ਆਦੇਸ਼ ਫਾਈਲਾਂ ਵਿੱਚ ਹੀ ਦੱਬੇ ਪਏ ਹਨ ਸ਼ਾਇਦ ਇਨ੍ਹਾਂ ਨੂੰ ਲਾਗੂ ਕਰਨ ਵਾਲੇ ਅਜੇ ਤੱਕ ਸੌਂ ਰਹੇ ਹਨ। ਬੇਸ਼ੱਕ ਬਾਲ ਮਜ਼ਦੂਰੀ ਰੋਕਣ ਲਈ ਕਾਨੂੰਨ ਬਣੇ ਹਨ ਪਰ ਇਨ੍ਹਾਂ ਨੂੰ ਲਾਗੂ ਕਰਨ ਲਈ ਕਿਸੇ ਨੇ ਕੋਈ ਕਦਮ ਨਹੀਂ ਚੁੱਕਿਆ।

ਗਰੀਬੀ ਦੀ ਮਾਰ ਝੱਲ ਰਹੇ ਛੋਟੇ ਛੋਟੇ ਬੱਚੇ ਅੱਜ ਵੀ ਢਾਬਿਆਂ ਅਤੇ ਚਾਹ ਦੀਆਂ ਦੁਕਾਨਾਂ ਤੇ ਕੰਮ ਕਰਨ ਲਈ ਲਾਚਾਰ ਹਨ। ਇਹ ਅਮੀਰ ਲੋਕਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਇਹ ਲੋਕ ਇਨ੍ਹਾਂ ਨੂੰ ਘੱਟ ਤਨਖਾਹ ਦੇ ਕੇ ਵਧੇਰੇ ਕੰਮ ਲੈ ਕੇ ਇਨ੍ਹਾਂ ਦਾ ਫਾਇਦਾ ਉਠਾ ਰਹੇ ਹਨ। ਪਰ ਇਨ੍ਹਾਂ ਨਾਲ ਹੋ ਰਹੇ ਅਨਿਆਂ ਨੂੰ ਰੋਕਣ ਵਾਲਾ ਸ਼ਾਇਦ ਕੋਈ ਨਹੀਂ ਹੈ ਕਿਉਂਕਿ ਰੋਕਣ ਵਾਲਿਆਂ ਨੇ ਖਾਨਾ ਪੂਰਤੀ ਕਰ ਦਿੱਤੀ ਹੈ। ਉਹ ਤਾਂ ਆਪ ਸਰਕਾਰੀ ਦਫਤਰਾਂ ਵਿੱਚ ਬੈਠੇ ਸਹੂਲਤਾਂ ਦੇ ਨਜ਼ਾਰੇ ਲੈ ਰਹੇ ਹਨ ਅਤੇ ਇਹ ਸਾਰਾ ਕੁਝ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਹੋ ਰਿਹਾ ਹੈ।

ਬੂਟ ਪਾਲਿਸ਼ ਕਰਨ ਵਾਲੇ ਅਕਸ਼ੈ ਅਤੇ ਸਿੰਮੀ ਨੇ ਦੱਸਿਆ ਕਿ ਉਨ੍ਹਾਂ ਨੇ ਬਚਪਨ ਵਿੱਚ ਕਲਮ ਤਾਂ ਫੜੀ ਸੀ ਪਰ ਗਰੀਬੀ ਅਤੇ ਪੇਟ ਨੇ ਉਨ੍ਹਾਂ ਦੇ ਹੱਥਾਂ ਵਿੱਚ ਬੁਰਸ਼ ਅਤੇ ਪਾਲਿਸ਼ ਦੀ ਡੱਬੀ ਦੇ ਦਿੱਤੀ। ਉਨ੍ਹਾਂ ਨੇ ਕਿਹਾ ਕਿ ਪੜ੍ਹਨਾ ਤਾਂ ਉਨ੍ਹਾਂ ਲਈ ਇੱਕ ਸੁਪਨੇ ਵਾਂਗ ਹੈ, ਉਨ੍ਹਾਂ ਨੂੰ ਤਾਂ ਪੇਟ ਭਰਨ ਲਈ ਰੋਟੀ ਵੀ ਨਹੀਂ ਮਿਲਦੀ। ਲਾਜ਼ਮੀ ਵਿੱਦਿਆ ਦਾ ਕਾਨੂੰਨ ਹੋਣ ਦੇ ਬਾਵਜੂਦ ਵੀ ਗਰੀਬਾਂ ਦੇ ਇਹ ਬੱਚੇ ਪੜ੍ਹਨ ਲਈ ਸਕੂਲਾਂ ਵਿੱਚ ਨਹੀਂ ਬਲਕਿ ਰੋਜ਼ੀ ਰੋਟੀ ਕਮਾਉਣ ਲਈ ਕੰਮ ਤੇ ਜਾਂਦੇ ਹਨ।

ਇਸ ਸਮੱਸਿਆ ਦੇ ਹੱਲ ਲਈ ਸਰਕਾਰ ਨੇ ਕੁਝ ਕਦਮ ਚੁੱਕੇ ਹਨ ਜਿਵੇਂ ਕਿ ਮੁਢਲੀ ਪੜ੍ਹਾਈ ਹਰੇਕ ਬੱਚੇ ਲਈ ਸਰਕਾਰੀ ਸਕੂਲਾਂ ਵਿੱਚ ਮੁਫਤ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਬੱਚਿਆਂ ਨੂੰ ਕੰਮ ਤੇ ਰੱਖਣ ਵਾਲਿਆਂ ਲਈ ਭਾਰੀ ਜ਼ੁਰਮਾਨੇ ਨਾਲ ਜੇਲ੍ਹ ਦੀ ਸਜਾ। ਪਰ ਕੀ ਇਹ ਕਾਫੀ ਹੈ?

**0 7**

ਪੰਜਾਬੀ ਅਖਬਾਰ ਵਿੱਚੋਂ ਪੰਜਾਬ ਵਿੱਚ ਬਾਲ-ਮਜ਼ਦੂਰੀ ਦੀ ਸਮੱਸਿਆ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲੱਗਭਗ 300 ਸ਼ਬਦਾਂ ਦਾ ਇੱਕ ਲੇਖ ਲਿਖੋ।

ਗਰੀਬੀ ਕਿਸ ਹੱਦ ਤੱਕ ਨੌਜਵਾਨ ਪੰਜਾਬੀ ਲੋਕਾਂ ਦੀ ਜੀਵਨਸ਼ੈਲੀ ਵਿੱਚ ਹੱਦਬੰਦੀ ਪੈਦਾ ਕਰਦੀ ਹੈ ? ਵਿਸ਼ਲੇਸ਼ਣ ਕਰੋ ਕਿ ਹਾਲ ਹੀ ਦੇ ਸਾਲਾਂ ਵਿੱਚ ਸਰਕਾਰ ਇਸ ਸਮੱਸਿਆ ਨੂੰ ਸੰਬੋਧਨ ਕਰਨ ਵਿੱਚ ਕਿੱਥੋਂ ਤੱਕ ਸਫਲ ਰਹੀ ਹੈ।

**[40 marks]**

**0 8 Tourism in the Punjab**

**ਪੰਜਾਬ ਵਿੱਚ ਸੈਰ-ਸਪਾਟਾ**

ਅੰਮ੍ਰਿਤਸਰ ਸ਼ਹਿਰ ਆਉਣ ਵਾਲੇ ਲੱਖਾਂ ਸੈਲਾਨੀਆਂ ਦੇ ਸੁਆਗਤ ਅਤੇ ਸ਼ਹਿਰ ਦੀ ਸੁੰਦਰਤਾ ਵਧਾਉਣ ਦੇ ਉਦੇਸ਼ ਨਾਲ ਪੰਜਾਬ ਸਰਕਾਰ ਸ਼ਹਿਰ ਨੂੰ ਆਉਣ ਵਾਲੀਆਂ ਚਾਰ ਮੁੱਖ ਸੜਕਾਂ ਤੇ ਵੱਡੇ ਵੱਡੇ ਗੇਟ ਉਸਾਰ ਰਹੀ ਹੈ। ਇਨ੍ਹਾਂ ਗੇਟਾਂ ਦਾ ਡਿਜ਼ਾਇਨ ਬਣ ਚੁੱਕਾ ਹੈ ਅਤੇ ਇਨ੍ਹਾਂ ਦੀ ਉਸਾਰੀ ਦਾ ਕੰਮ ਬਹੁਤ ਜਲਦੀ ਸ਼ੁਰੂ ਹੋ ਰਿਹਾ ਹੈ। ਪਹਿਲਾ ਗੇਟ ਅੰਮ੍ਰਿਤਸਰ - ਜਲੰਧਰ ਰੋਡ ਤੇ ਬਣਾਇਆ ਜਾ ਰਿਹਾ ਹੈ ਅਤੇ ਇਸ ਦਾ ਡਿਜ਼ਾਇਨ ਗੁਰੂ ਨਾਨਕ ਯੂਨੀਵਰਸਿਟੀ ਦੇ ਭਵਨ ਉਸਾਰੀ ਵਿਭਾਗ ਨੇ ਤਿਆਰ ਕੀਤਾ ਹੈ। ਇਸ ਗੇਟ ਦੀ ਉਸਾਰੀ ਸ਼ੁਰੂ ਹੋ ਚੁੱਕੀ ਹੈ ਅਤੇ ਇਸ ਤੇ ਸੱਤ ਕਰੋੜ ਰੁਪਏ ਖਰਚ ਹੋਣਗੇ। ਇਸ ਤੋਂ ਬਾਅਦ ਹੀ ਹੋਰ ਤਿੰਨ ਗੇਟ ਬਣਾਏ ਜਾਣਗੇ।

ਇਸ ਗੇਟ ਤੋਂ ਅੰਮ੍ਰਿਤਸਰ ਸ਼ਹਿਰ ਦੀ ਵਿਰਾਸਤ ਦੀ ਝਲਕ ਦਿਸੇਗੀ। ਇਸ ਗੇਟ ਤੇ ਬਣਨ ਵਾਲੇ ਗੁੰਬਦ ਅਤੇ ਉਨ੍ਹਾਂ ਨੂੰ ਕੀਤਾ ਜਾਣ ਵਾਲਾ ਸੁਨਿਹਰੀ ਰੰਗ ਬਾਹਰੋਂ ਆਉਂਦੇ ਸੈਲਾਨੀਆਂ ਨੂੰ ਇਸ ਸ਼ਹਿਰ ਦੇ ਮੁੱਖ ਆਕਰਸ਼ਣ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰ ਹੋਂਦ ਦਰਸਾ ਕੇ ਧਾਰਮਿਕ ਰੰਗ ਵਿੱਚ ਰੰਗਿਆ ਦਿਸੇਗਾ। ਇਹ ਗੇਟ ਸੌ ਫੁੱਟ ਉੱਚਾ ਅਤੇ ਸੌ ਫੁੱਟ ਚੌੜਾ ਹੋਵੇਗਾ। ਗੇਟ ਵਿੱਚ ਰੋਸ਼ਨੀ ਦਾ ਵਧੀਆ ਪ੍ਰਬੰਧ ਕੀਤਾ ਜਾਵੇਗਾ ਤਾਂ ਜੋ ਇਹ ਰਾਤ ਸਮੇਂ ਦਿਲ ਟੁੰਬਵਾਂ ਨਜ਼ਾਰਾ ਪੇਸ਼ ਕਰ ਸਕੇ।

ਇਸ ਤੋਂ ਇਲਾਵਾ ਸਰਕਾਰ ਨੇ ਪੰਜਾਬ ਨੂੰ ਰਾਤ ਵੇਲੇ ਪੁਲਿਸ ਸੁਰੱਖਿਆ ਪ੍ਰਦਾਨ ਕਰਨ ਵਾਲਾ ਪਹਿਲਾ ਸੂਬਾ ਬਣਾ ਦਿੱਤਾ ਹੈ। ਇਸ ਨਾਲ ਇੱਥੇ ਆਉਣ ਵਾਲੇ ਸੈਲਾਨੀ ਸੁਰੱਖਿਅਤ ਮਹਿਸੂਸ ਕਰਨਗੇ ਅਤੇ ਰਾਤ ਵੇਲੇ ਵਪਾਰ ਕਰਨ ਵਾਲੀਆਂ ਦੁਕਾਨਾਂ ਦੀ ਕਮਾਈ ਵੀ ਵਧੇਗੀ। ਰਾਤ ਨੂੰ ਕੰਮ-ਕਾਰ ਕਰਨ ਵਾਲੇ ਕਾਮੇ ਵੀ ਸੁਰੱਖਿਅਤ ਮਹਿਸੂਸ ਕਰਨਗੇ। ਇਸ ਯੋਜਨਾ ਨਾਲ ਜੁਰਮਾਂ ਵਿੱਚ ਕਮੀ ਹੋਵੇਗੀ ਅਤੇ ਲੋਕ ਰਾਤ ਵੇਲੇ ਬਾਹਰ ਘੁੰਮਣ-ਫਿਰਨ ਜਾ ਸਕਣਗੇ।

**0 8**

ਪੰਜਾਬੀ ਰਸਾਲੇ ਵਿੱਚੋਂ ਪੰਜਾਬ ਵਿੱਚ ਸੈਰ ਸਪਾਟੇ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲੱਗਭਗ 300 ਸ਼ਬਦਾਂ ਦਾ ਇੱਕ ਲੇਖ ਲਿਖੋ।

ਪੰਜਾਬ ਸਰਕਾਰ ਨੇ ਇੱਕ ਜਾਂ ਜ਼ਿਆਦਾ ਸੈਰ-ਸਪਾਟੇ ਦੀਆਂ ਥਾਵਾਂ ਤੇ ਸੈਲਾਨੀਆਂ ਦੇ ਤਜਰਬਿਆਂ ਵਿੱਚ ਕਿਵੇਂ ਸੁਧਾਰ ਲਿਆਂਦਾ ਹੈ? ਸਰਕਾਰ ਦੁਆਰਾ ਚੁੱਕੇ ਇਹ ਕਦਮ ਕਿੱਥੋਂ ਤੱਕ ਸਫਲ ਰਹੇ ਹਨ?

**[40 marks]**

## 0 9 Partition of the Punjab in 1947

**ਪੰਜਾਬ ਦੀ ਵੰਡ 1947**

ਅਗਸਤ 1947 ਵਿੱਚ ਆਖਰਕਾਰ ਅੰਗਰੇਜ਼ਾਂ ਨੇ ਭਾਰਤ ਨੂੰ ਦੋ ਦੇਸ਼ਾਂ ਵਿੱਚ ਵੰਡ ਕੇ ਛੱਡ ਦਿੱਤਾ। ਇਸ ਦੇ ਸਿੱਟੇ ਵਜੋਂ ਪੰਜਾਬ ਦੇ ਦੋ ਹਿੱਸੇ ਹੋ ਗਏ। ਇਸ ਵੰਡ ਦੇ ਦੌਰਾਨ ਮੁਸਲਮਾਨ ਪੂਰਬੀ ਅਤੇ ਪੱਛਮੀ ਪਾਕਿਸਤਾਨ ਵਿੱਚ ਅਤੇ ਹਿੰਦੂ ਅਤੇ ਸਿੱਖ ਭਾਰਤ ਵਿੱਚ ਪੈਦਲ ਜਾਣ ਲੱਗ ਪਏ। ਇਸ ਵੰਡ ਵਿੱਚ ਧਰਮ ਦੇ ਅਧਾਰ ਤੇ ਇੰਨੀ ਹਿੰਸਾ ਫੈਲਾਈ ਗਈ ਜਿਸ ਦੀ ਮਿਸਾਲ ਹੋਰ ਕਿਤੇ ਨਹੀਂ ਮਿਲਦੀ। ਹਿੰਦੂ ਅਤੇ ਸਿੱਖ ਇੱਕ ਪਾਸੇ ਅਤੇ ਦੂਜੇ ਪਾਸੇ ਮੁਸਲਮਾਨ ਇੱਕ ਦੂਸਰੇ ਦੇ ਗਰੁੱਪਾਂ ਦੇ ਲੋਕਾਂ ਦੀ ਮਾਰਧਾੜ ਕਰ ਰਹੇ ਸਨ। ਇਸ ਵੇਲੇ ਬਹੁਤ ਸਾਰੇ ਲੋਕਾਂ ਦੇ ਕਤਲ, ਅੱਗਜਨੀ, ਅਗਵਾ ਅਤੇ ਬਲਾਤਕਾਰ ਦੇ ਹਜ਼ਾਰਾਂ ਕੇਸ ਹੋਏ ਜਿਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ।

1948 ਤੱਕ ਜਦੋਂ ਇਹ ਮਹਾਂ-ਪ੍ਰਵਾਸ ਬੰਦ ਕੀਤਾ ਗਿਆ ਤਾਂ ਲੱਗਭਗ ਪੰਦਰਾਂ ਲੱਖ ਲੋਕ ਉੱਜੜ ਚੁੱਕੇ ਸਨ ਅਤੇ ਦੋ ਲੱਖ ਦੇ ਲੱਗਭਗ ਮਾਰੇ ਜਾ ਚੁੱਕੇ ਸਨ। ਇਤਿਹਾਸਕਾਰ ਲਿਖਦੇ ਹਨ ਕਿ ਇਹ ਵੰਡ ਇਸ ਤਰ੍ਹਾਂ ਦੀ ਸੀ ਕਿ ਇਸ ਦਾ ਇਹ ਪਤਾ ਨਹੀਂ ਸੀ ਲਗਦਾ ਕਿ ਕਿੱਥੋਂ ਸ਼ੁਰੂ ਹੋਈ ਹੈ ਅਤੇ ਕਿੱਥੇ ਖਤਮ ਹੋਵੇਗੀ। ਪੰਜਾਬੀ ਹਿੰਦੂ ਅਤੇ ਸਿੱਖ ਇਸ ਵੰਡ ਵਿੱਚ ਆਪਣੀ ਲੱਖਾਂ ਦੀ ਜਾਇਦਾਦ, ਮਾਲ ਡੰਗਰ, ਘਰ-ਬਾਰ ਛੱਡ ਕੇ ਪੰਜਾਬ ਆ ਗਏ। ਇਸ ਨੱਠ-ਭੱਜ ਵਿੱਚ ਕਈ ਬੱਚੇ ਅਤੇ ਔਰਤਾਂ ਆਪਣੇ ਪਰਵਾਰਾਂ ਨਾਲੋਂ ਵਿਛੜ ਗਏ। ਇਸ ਤਰ੍ਹਾਂ ਦਾ ਦਰਦਨਾਕ ਦ੍ਰਿਸ਼ ਭਾਰਤ ਤਾਂ ਕੀ ਕਿਸੇ ਹੋਰ ਦੇਸ਼ ਦੇ ਇਤਿਹਾਸ ਵਿੱਚ ਨਹੀਂ ਸੀ ਹੋਇਆ।

ਇਸ ਤਰ੍ਹਾਂ ਪੰਜਾਬ ਦੋ ਭਾਗਾਂ ਵਿੱਚ ਵੰਡਿਆ ਗਿਆ ਅਤੇ ਪੰਜਾਬੀ ਲੋਕਾਂ ਦੇ ਹਿਰਦੇ ਵਲੂੰਧਰੇ ਗਏ ਕਿਉਂਕਿ ਹਰ ਘਰ ਦਾ ਕੁਝ ਨਾ ਕੁਝ ਨੁਕਸਾਨ ਜ਼ਰੂਰ ਹੋਇਆ ਸੀ। ਭਾਰਤ ਸਰਕਾਰ ਨੇ ਪਨਾਹਗੀਰਾਂ ਨੂੰ ਮਦਦ ਦਿੱਤੀ ਅਤੇ ਸਮਾਂ ਪਾ ਕੇ ਪਿੱਛੇ ਰਹਿ ਗਈ ਜ਼ਮੀਨ ਜਾਇਦਾਦ ਦੇ ਬਦਲੇ ਮੁਆਵਜ਼ਾ ਵੀ ਦਿੱਤਾ।

**0 9**

ਔਨਲਾਈਨ ਪੰਜਾਬੀ ਅਖਬਾਰ ਵਿੱਚੋਂ 1947 ਵਿੱਚ ਪੰਜਾਬ ਦੀ ਵੰਡ ਦੇ ਮੁੱਖ ਕਾਰਨ ਅਤੇ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲੱਗਭਗ 300 ਸ਼ਬਦਾਂ ਦਾ ਇੱਕ ਲੇਖ ਲਿਖੋ।

ਪੰਜਾਬੀ ਸਮਾਜ ਨੂੰ ਪ੍ਰਭਾਵਿਤ ਕਰਨ ਵਾਲੀਆਂ ਘਟਨਾਵਾਂ ਵਿੱਚੋਂ ਪੰਜਾਬ ਦੀ ਵੰਡ ਨੂੰ ਸਭ ਤੋਂ ਦਰਦਨਾਕ ਘਟਨਾ ਮੰਨਿਆ ਜਾਂਦਾ ਹੈ। ਤੁਸੀਂ ਇਸ ਨਜ਼ਰੀਏ ਨਾਲ ਕਿੱਥੋਂ ਤੱਕ ਸਹਿਮਤ ਹੋ ਅਤੇ ਕਿਉਂ ?

**[40 marks]**

**END OF QUESTIONS**

**There are no questions printed on this page**

**DO NOT WRITE ON THIS PAGE**

**ANSWER IN THE SPACES PROVIDED**

Copyright © 2017 AQA and its licensors. All rights reserved